SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 202 | Friday, November 03, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਲਿਬਰਲ ਸੈਨੇਟਰ ਵੱਲੋਂ ਅਹੁਦਾ ਛੱਡਣ ਦੇ ਸੁਝਾਅ ਨੂੰ ਟਰੂਡੋ ਨੇ ਕੀਤਾ ਖਾਰਜ

ਓਟਵਾ, 2 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲੰਮੇਂ ਸਮੇਂ ਤੋਂ ਲਿਬਰਲਾਂ ਦੇ ਵਫਾਦਾਰ ਰਹੇ ਤੇ ਇਸ ਸਮੇਂ ਸੈਨੇਟਰ ਦੀ ਭੂਮਿਕਾ ਨਿਭਾਅ ਰਹੇ ਪਰਸੀ ਡਾਊਨ ਦੇ ਉਸ ਸੁਝਾਅ ਨੂੰ ਖਾਰਜ ਕਰ ਦਿੱਤਾ ਜਿਸ ਵਿੱਚ ਉਨ੍ਹਾਂ ਆਖਿਆ ਸੀ ਕਿ ਹੁਣ ਟਰੂਡੋ ਨੂੰ ਅਹੁਦਾ ਛੱਡ ਕੇ ਕਿਸੇ ਨਵੇਂ ਲਿਬਰਲ ਪਾਰਟੀ ਆਗੂ ਨੂੰ ਮੌਕਾ ਦੇਣਾ ਚਾਹੀਦਾ ਹੈ।

ਇਸ ਹਫਤੇ ਸੈਨੇਟਰ ਪਰਸੀ ਡਾਊਨ ਵੱਲੋਂ ਜਨਤਕ ਤੌਰ ਉੱਤੇ ਇਹ ਵਿਚਾਰ ਪ੍ਰਗਟਾਏ ਗਏ। ਉਨ੍ਹਾਂ ਸਪਸ਼ਟ ਤੌਰ ਉੱਤੇ ਆਖਿਆ ਕਿ ਲਿਬਰਲਾਂ ਲਈ ਚੋਣ ਸਰਵੇਖਣਾਂ ਵਿੱਚ ਚੱਲ ਰਹੇ ਨਕਾਰਾਤਮਕ ਰੁਝਾਨ, ਆਰਥਿਕ ਅਸਥਿਰਤਾ ਤੇ ਟਰੂਡੋ ਦੇ ਬਦਲ ਵਜੋਂ ਹੋਰਨਾਂ ਆਗੂਆਂ ਦੇ ਕਮਰਕੱਸਣ ਦੀਆਂ ਫੈਲ ਰਹੀਆਂ ਅਫਵਾਹਾਂ ਤੋਂ ਬਾਅਦ ਹੀ ਉਨ੍ਹਾਂ ਜਨਤਕ ਤੌਰ ਉੱਤੇ ਇਹ ਗੱਲ ਆਖਣੀ ਸਹੀ ਸਮਝੀ। ਇੱਕ ਇੰਟਰਵਿਊ ਵਿੱਚ ਡਾਊਨ ਨੇ ਆਖਿਆ ਕਿ ਉਹ ਕਾਕਸ ਦੇ ਕਈ ਮੈਂਬਰਾਂ ਤੋਂ ਇਹ ਸੁਣ ਚੁੱਕੇ



ਹਨ ਕਿ ਹੁਣ ਤੇ ਫਰਵਰੀ ਵਿਚਲਾ ਸਮਾਂ ਪਾਰਟੀ ਲਈ ਕਾਫੀ ਨਾਜ਼ੁਕ ਹੈ ਤੇ ਇਸ ਲਈ ਅਗਲਾ ਰਾਹ ਚੁਣਨ ਤੋਂ ਪਹਿਲਾਂ ਪਾਰਟੀ ਨੂੰ ਆਪਦੇ ਅੰਦਰ ਝਾਤੀ ਮਾਰ ਲੈਣੀ ਚਾਹੀਦੀ ਹੈ।

ਡਾਊਨ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਜਨਤਕ ਤੌਰ ਉੱਤੇ ਕਿਸੇ ਹੋਰ ਲਿਬਰਲ ਵੱਲੋਂ ਇਹ ਦਾਅਵਾ ਕਿਉਂ ਨਹੀਂ ਕੀਤਾ ਗਿਆ ਤਾਂ ਉਨ੍ਹਾਂ ਆਖਿਆ ਕਿ ਉਨ੍ਹਾਂ ਗੁਪਤ ਤੌਰ ਉੱਤੇ ਗੱਲਬਾਤ ਕੀਤੀ ਸੀ ਤੇ ਕਈ ਕਾਰਨਾਂ ਕਰਕੇ ਸਾਰੇ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦੇ। ਇਨ੍ਹਾਂ ਪਿੱਛੇ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਪਾਰਟੀ ਆਗੂ ਨੇ ਉਨ੍ਹਾਂ ਦੇ ਨਾਮਜ਼ਦਗੀ ਫਾਰਮਸ ਉੱਤੇ ਦਸਤਖ਼ਤ ਕਰਨੇ ਹੁੰਦੇ ਹਨ।

ਡਾਊਨ ਦੇ ਇਸ ਬਿਆਨ ਬਾਰੇ ਜਦੋਂ ਟਰੂਡੋ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਪਰਸੀ ਦੇ ਬਿਆਨ ਨੂੰ ਖਾਰਜ ਕਰਦਿਆਂ ਆਖਿਆ ਕਿ ਅਹੁਦਾ ਛੱਡਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ ਤੇ ਉਹ ਅਗਲੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਅਗਵਾਈ ਕਰਨਗੇ।

## ਹੋਮ ਹੀਟਿੰਗ ਤੋਂ ਕਾਰਬਨ ਪ੍ਰਾਈਸ ਹਟਾਉਣ ਸਬੰਧੀ ਕੰਜ਼ਰਵੇਟਿਵਾਂ ਦੇ ਬਿੱਲ ਦਾ ਐਨਡੀਪੀ ਕਰੇਗੀ ਸਮਰਥਨ

ਓਟਵਾ, 2 ਨਵੰਬਰ (ਪੋਸਟ ਬਿਊਰੋ) : ਅਗਲੀਆਂ ਚੋਣਾਂ ਤੱਕ ਹੋਮ ਹੀਟਿੰਗ ਦੀਆਂ ਸਾਰੀਆਂ ਕਿਸਮਾਂ ਤੋਂ ਕਾਰਬਨ ਪ੍ਰਾਈਸ ਹਟਾ ਲਏ ਜਾਣ ਸਬੰਧੀ ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਜਾਣ ਵਾਲੇ ਮਤੇ ਦਾ ਐਨਡੀਪੀ ਵੱਲੋਂ ਸਾਥ ਦਿੱਤਾ ਜਾਵੇਗਾ। ਇਹ ਖੁਲਾਸਾ ਐਨਡੀਪੀ ਹਾਊਸ ਲੀਡਰ ਪੀਟਰ ਜੂਲੀਅਨ ਨੇ ਵੀਰਵਾਰ ਨੂੰ ਕੀਤਾ।



ਜੂਲੀਅਨ ਨੇ ਆਖਿਆ ਕਿ ਹਕੀਕਤ ਇਹ ਹੈ ਕਿ ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਅਫੋਰਡੇਬਿਲਿਟੀ ਸਾਰੇ ਕੈਨੇਡੀਅਨਜ਼ ਨੂੰ ਉਪਲਬਧ ਹੈ ਤੇ ਇਸੇ ਲਈ ਅਸੀਂ ਇਸ ਮਤੇ ਦਾ ਸਾਥ ਦੇਵਾਂਗੇ। ਇਸ ਫੈਸਲੇ ਨਾਲ ਲਿਬਰਲਾਂ ਨੂੰ ਇੱਕ ਹੋਰ ਸਿਆਸੀ ਝਟਕਾ ਲੱਗਿਆ ਹੈ। ਇਸ ਤੋਂ ਪਹਿਲਾਂ ਕਈ ਦਿਨਾਂ ਤੱਕ ਲਿਬਰਲ ਆਪਣੇ ਇਸ ਫੈਸਲੇ ਨੂੰ ਸਹੀ ਠਹਿਰਾਉਣ ਲਈ ਪੂਰਾ ਜ਼ੋਰ ਲਾਉਂਦੇ ਰਹੇ ਕਿ ਅਗਲੇ ਤਿੰਨ ਸਾਲਾਂ ਲਈ ਉਨ੍ਹਾਂ ਵੱਲੋਂ ਹੋਮ ਹੀਟਿੰਗ ਆਇਲ ਉੱਤੇ ਕਾਰਬਨ ਟੈਕਸ ਲਾਏ ਜਾਣ ਉੱਤੇ ਰੋਕ ਲਾ ਕੇ ਸਹੀ ਕੰਮ ਕੀਤਾ ਹੈ। ਲਿਬਰਲਾਂ ਦਾ ਕਹਿਣਾ ਸੀ ਕਿ ਇਸ ਛੋਟ ਨਾਲ ਉਨ੍ਹਾਂ ਲੋਕਾਂ ਨੂੰ ਸਮਾਂ ਤੇ ਪੈਸੇ ਦੀ ਬਚਤ ਹੋ ਜਾਵੇਗੀ ਜਿਹੜੇ ਅਜੇ ਵੀ ਫਿਊਲ ਦੀ ਵਰਤੋਂ ਕਰਦੇ ਹਨ ਤੇ ਉਹ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਇਲੈਕਟ੍ਰਿਕ ਹੀਟ ਪੰਪਸ ਵਿੱਚ ਬਦਲ ਲੈਣਗੇ।

ਹੀਟਿੰਗ ਪੰਪ ਵਿਵਾਦ ਨੇ ਲਿਬਰਲ ਕਾਕਸ ਵਿੱਚ ਉਸ ਸਮੇਂ ਨਵੀਂ ਚਿੰਤਾ ਪੈਦਾ ਕਰ ਦਿੱਤੀ ਜਦੋਂ ਇੱਕ ਸੀਨੀਅਰ ਲਿਬਰਲ ਸੈਨੇਟਰ ਪਰਸੀ ਡਾਊਨ ਨੇ ਇਸ ਹਫਤੇ ਇਹ ਆਖ ਦਿੱਤਾ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਹੁਦਾ ਛੱਡਣ ਦੀ ਤਿਆਰੀ ਕਰ ਲੈਣੀ ਚਾਹੀਦੀ ਹੈ।

## ਸੈੱਲ ਫੋਨ ਟਾਵਰ ਦੀ ਰੇਡੀਏਸ਼ਨ ਤੋਂ ਪ੍ਰੇਸ਼ਾਨ ਅਧਿਆਪਕਾਂ ਨੇ ਕੰਮ ਕਰਨ ਤੋਂ ਕੀਤਾ ਇਨਕਾਰ

ਟੋਰਾਂਟੋ, 2 ਨਵੰਬਰ (ਪੋਸਟ ਬਿਊਰੋ): ਇਸ ਹਫਤੇ ਦੇ ਸ਼ੁਰੂ ਵਿੱਚ ਟੋਰਾਂਟੋ ਹਾਈ ਸਕੂਲ ਦੇ ਕਈ ਸਟਾਫ ਮੈਂਬਰਾਂ ਵੱਲੋਂ ਕੰਮ ਉੱਤੇ ਆਉਣ ਤੋਂ ਇਨਕਾਰ ਕਰ ਦਿੱਤੇ ਜਾਣ ਤੋਂ ਬਾਅਦ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਹਾਲਾਤ ਦਾ ਜਾਇਜ਼ਾ ਲੈਣ ਲਈ ਤੀਜੀ ਧਿਰ ਦੀ ਸਲਾਹ ਦਾ ਪ੍ਰਬੰਧ ਕੀਤਾ ਹੈ। ਅਸਲ ਵਿੱਚ ਸਟਾਫ ਸਕੂਲ ਦੇ ਨੇੜੇ ਲੱਗੇ ਸੈੱਲ ਫੋਨ ਟਾਵਰ ਤੋਂ ਨਿਕਲਣ ਵਾਲੀ ਰੇਡੀਏਸ਼ਨ ਨੂੰ ਲੈ ਕੇ ਪਰੇਸ਼ਾਨ ਹੈ।



ਨੌਰਥ ਯੌਰਕ ਦੇ ਵਿਲੀਅਮ ਲਿਓਨ ਮੈਕੈਂਜ਼ੀ ਕਾਲਜੀਏਟ ਇੰਸਟੀਚਿਊਟ ਦੀ ਪ੍ਰਿੰਸੀਪਲ ਸਿੰਥੀਆ ਨਗੁਏਨ ਨੇ ਬੁੱਧਵਾਰ ਸਵੇਰੇ ਇਨ੍ਹਾਂ ਹਾਲਾਤ ਤੋਂ ਸਕੂਲ ਕਮਿਊਨਿਟੀ ਨੂੰ ਜਾਣੂ ਕਰਵਾਇਆ। ਉਨ੍ਹਾਂ ਇੱਕ ਨੋਟ ਜਾਰੀ ਕਰਕੇ ਆਖਿਆ ਕਿ ਅਸੀਂ ਤੁਹਾਨੂੰ ਇਹ ਜਾਣਕਾਰੀ ਦੇਣਾ ਚਾਹੁੰਦੇ ਹਾਂ ਕਿ ਵਿਲੀਅਮ ਲਿਓਨ ਮੈਕੈਂਜ਼ੀ ਕਾਲਜੀਏਟ ਇੰਸਟੀਚਿਊਟ ਤੇ 18 ਸਟਾਫ ਮੈਂਬਰਾਂ ਵੱਲੋਂ ਕੰਮ ਨਾ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਜਾ ਰਹੀ ਹੈ।

ਇਸ ਦਾ ਹੱਲ ਕੱਢਣ ਲਈ ਟੀਡੀਐਸਬੀ ਓਕਿਊਪੇਸ਼ਨਲ ਹੈਲਥ ਐਂਡ ਸੇਫਟੀ ਵੱਲੋਂ ਪ੍ਰਭਾਵਿਤ ਸਟਾਫ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤਾਂ ਕਿ ਮਸਲੇ ਦਾ ਕੋਈ ਠੋਸ ਹੱਲ ਕੱਢਿਆ ਜਾ ਸਕੇ। ਇਹ ਸਾਰੇ ਸਟਾਫ ਮੈਂਬਰ ਨੇੜਲੇ ਸੈੱਲਫੋਨ ਟਾਵਰ ਵਿੱਚੋਂ ਨਿਕਲਣ ਵਾਲੀ ਰੇਡੀਏਸ਼ਨ ਨੂੰ ਲੈ ਕੇ ਪਰੇਸ਼ਾਨ ਹਨ। ਉਨ੍ਹਾਂ ਨੂੰ ਡਰ ਹੈ ਕਿ ਇਸ ਨਾਲ ਸਾਰਿਆਂ ਦੀ ਸਿਹਤ ਤੇ ਸੇਫਟੀ ਨੂੰ ਖਤਰਾ ਹੋ ਸਕਦਾ ਹੈ।

ਵੀਰਵਾਰ ਨੂੰ ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਨੇ ਪੁਸ਼ਟੀ ਕੀਤੀ ਕਿ ਮਾਮਲੇ ਦੀ ਅਗਾਂਹ ਹੋਰ ਜਾਂਚ ਕਰਨ ਦਾ ਭਰੋਸਾ ਦਿੱਤੇ ਜਾਣ ਤੋਂ ਬਾਅਦ 18 ਸਟਾਫ ਮੈਂਬਰ ਕੰਮ ਉੱਤੇ ਪਰਤ ਆਏ ਹਨ। ਉਨ੍ਹਾਂ ਆਖਿਆ ਕਿ ਇਹ ਟਾਵਰ ਸਕੂਲ ਦੇ ਨੇੜੇ ਜ਼ਰੂਰ ਸਥਿਤ ਹੈ ਪਰ ਇਹ ਟੀਡੀਐਸਬੀ ਦੀ ਸੰਪਤੀ ਉੱਤੇ ਸਥਿਤ ਨਹੀਂ ਹੈ।

## ਟੋਰਾਂਟੋ ਵਿੱਚ ਨਵੇਂ ਬਣੇ ਕੌਂਡੋ ਦੀ ਛੱਤ ਟੁੱਟੀ



ਟੋਰਾਂਟੋ, 2 ਨਵੰਬਰ (ਪੋਸਟ ਬਿਊਰੋ) : ਨਵੇਂ ਟੋਰਾਂਟੋ ਕੌਂਡੋਮੀਨੀਅਮ ਦੀ ਮੇਨ ਮੰਜ਼ਿਲ ਉੱਤੇ ਸਥਿਤ ਨਿੱਕੇ ਜ਼ਿੰਮ ਦੀ ਛੱਤ ਡਿੱਗ ਜਾਣ ਕਾਰਨ ਲੋਕਾਂ ਵਿੱਚ ਸਹਿਮ ਪਾਇਆ ਜਾ ਰਿਹਾ ਹੈ। ਜਿਸ ਸਮੇਂ ਇਹ ਛੱਤ ਡਿੱਗੀ ਉਸ ਸਮੇਂ ਦੋ ਵਿਅਕਤੀ ਜ਼ਿੰਮ ਵਿੱਚ ਮੌਜੂਦ ਸਨ। ਇਸ ਕੌਂਡੋ ਵਿੱਚ ਰਹਿਣ ਵਾਲੇ ਲੋਕਾਂ ਵੱਲੋਂ ਇਸ ਦੀ ਸੇਫਟੀ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ।

ਡੈਨੀਅਲ ਸਰੂਨਾਸ ਤੇ ਉਸ ਦੀ ਗਰਲਫਰੈਂਡ ਆਪਣੇ ਨਵੇਂ ਕੌਂਡੋ ਵਿੱਚ ਮਈ ਵਿੱਚ ਸ਼ਿਫਟ ਹੋਏ ਸਨ। ਇਸੇ ਤਰ੍ਹਾਂ ਕਈ ਹੋਰ ਲੋਕ ਵੀ ਉਦੋਂ ਕੁ ਹੀ ਇੱਥੇ ਸ਼ਿਫਟ ਹੋਏ ਸਨ। ਵੀਰਵਾਰ ਨੂੰ ਜਦੋਂ ਸਾਰਿਆਂ ਦੀ ਜਾਗ ਖੁੱਲ੍ਹੀ ਤਾਂ ਇਹ ਹਾਦਸਾ ਵਾਪਰ ਚੁੱਕਿਆ ਸੀ। ਜ਼ਿੰਮ ਦੀ ਛੱਤ ਡਿੱਗੀ ਹੋਈ ਸੀ ਤੇ ਚਾਰੇ ਪਾਸੇ ਉਸ ਦਾ ਮਲਬਾ ਫੈਲਿਆ ਹੋਇਆ ਸੀ। ਸਰੂਨਾਸ ਨੇ ਆਖਿਆ ਕਿ ਸਵੇਰੇ ਉੱਠਦੇ ਸਾਰ ਇਸ ਤਰ੍ਹਾਂ ਦੀ ਖਬਰ ਮਿਲਣਾ ਕੋਈ ਵਧੀਆ ਗੱਲ ਨਹੀਂ ਹੈ। ਸਵੇਰੇ ਹੀ ਸਾਡੀ ਚਿੰਤਾ ਵੱਧ ਗਈ, ਅਸੀਂ ਪਰੇਸ਼ਾਨ ਹੋ ਗਏ। ਨਿੱਕੀਆਂ ਮੋਟੀਆਂ ਕਮੀਆਂ ਤਾਂ ਬਣੀ ਬਣਾਈ ਇਮਾਰਤ ਵਿੱਚ ਰਹਿ ਜਾਂਦੀਆਂ ਹਨ ਪਰ ਇਹ ਤਾਂ ਬਹੁਤ ਵੱਡੀ ਘਟਨਾ ਹੈ।

ਉਸ ਤੋਂ ਵੀ ਜ਼ਿਆਦਾ ਡਰਨ ਵਾਲੀ ਗੱਲ ਇਹ ਹੈ ਕਿ ਇਹ ਇਮਾਰਤ ਨਵੀਂ ਬਣੀ ਸੀ। ਇਸ ਮਾਮਲੇ ਦੀ ਜਾਂਚ ਸਿਟੀ ਆਫ ਟੋਰਾਂਟੋ ਵੱਲੋਂ ਕੀਤੀ ਜਾ ਰਹੀ ਹੈ। ਕੌਂਡੋ ਵਿੱਚ ਰਹਿਣ ਵਾਲੇ ਇੱਕ ਹੋਰ ਸ਼ਖ਼ਸ ਨੇ ਆਖਿਆ ਕਿ ਚੰਗੀ ਗੱਲ ਇਹ ਹੈ ਕਿ ਕੋਈ ਜ਼ਖ਼ਮੀ ਨਹੀਂ ਹੋਇਆ। ਪਰ ਇਸ ਨਾਲ ਬਾਕੀ ਦੀ ਇਮਾਰਤ ਵਿੱਚ ਵਰਤੇ ਗਏ ਇਨਫਰਾਸਟ੍ਰਕਚਰ ਉੱਤੇ ਵੀ ਸਵਾਲ ਖੜ੍ਹੇ ਹੋ ਗਏ ਹਨ।

## ਬਾਰ ਵਿੱਚ ਅਚਾਨਕ ਗੋਲੀਆਂ ਚੱਲਣ ਕਾਰਨ ਤਿੰਨ ਨੌਜਵਾਨ ਜ਼ਖ਼ਮੀ

ਸਕਾਰਬਰੋ, 2 ਨਵੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਰਾਤ ਸਮੇਂ ਇੱਕ ਮਸ਼ਰੂਫ ਬਾਰ ਵਿੱਚ ਅਚਾਨਕ ਗੋਲੀਆਂ ਚੱਲ ਜਾਣ ਕਾਰਨ ਦੋ ਨੌਜਵਾਨ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਵੀਰਵਾਰ ਤੜਕੇ 1:00 ਵਜੇ ਗੋਲੀ ਚੱਲਣ ਦੀ ਰਿਪੋਰਟ ਦੇ ਕੇ ਐਮਰਜੰਸੀ ਅਮਲੇ ਨੂੰ ਬ੍ਰਿਮਲੇ ਰੋਡ ਨੇੜੇ ਐਗਲਿੰਟਨ ਐਵਨਿਊ ਈਸਟ ਉੱਤੇ ਸਥਿਤ ਆਕਸਫੋਰਡ ਪੱਬ ਤੇ ਰੈਸਟੋਰੈਂਟ ਵਿਖੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀਆਂ ਨੂੰ ਪੱਬ ਵਿੱਚ ਕਈ ਵਾਰੀ ਗੋਲੀਆਂ ਮਾਰੀਆਂ ਗਈਆਂ ਜਦਕਿ ਤੀਜੇ ਵਿਅਕਤੀ ਨਾਲ ਗੋਲੀ ਖਹਿ ਕੇ ਲੰਘ ਗਈ। ਜਿਸ ਵਿਅਕਤੀ ਨਾਲੋਂ ਗੋਲੀ ਖਹਿ ਕੇ ਲੰਘੀ ਸੀ ਉਸ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ।

ਸ਼ੂਟਿੰਗ ਸਮੇਂ ਕਈ ਲੋਕ ਬਾਰ ਵਿੱਚ ਹੀ ਮੌਜੂਦ ਸਨ। ਚਸ਼ਮਦੀਦਾਂ ਨੇ ਦੱਸਿਆ ਕਿ ਜਿਸ ਸਮੇਂ ਗੰਨਮੈਨ ਨੇ ਗੋਲੀਆਂ ਚਲਾਈਆਂ ਤਾਂ ਲੋਕਾਂ ਨੇ ਪੂਲ ਟੇਬਲਜ਼ ਦੇ ਹੇਠਾਂ ਲੁਕ ਕੇ ਆਪਣੀਆਂ ਜਾਨਾਂ ਬਚਾਈਆਂ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਗੰਨਮੈਨ ਉੱਥੋਂ ਚਲਾ ਗਿਆ। ਕਿਸੇ ਵੀ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਉਪਲਬਧ ਨਹੀਂ ਹੋਈ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

NOW HIRING !!!
ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

Allstate. You're in good hands.
Insurance
Shawn Budwal, Allstate Sales Agent, Waterdown Agency, 94 Dundas Street East, Unit 3, 289-678-4024, sbudwal@allstate.ca
Trademark used under licence by Allstate Insurance Company. 232374 | 6-23

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca | ksgpestcontrol@gmail.com
Amarjeet Singh Gill

Law Office of Aman Sharma
Real Estate • Commercial Lease • Business Purchase & Sale • Notarizations & Affidavits • Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6, Brampton, ON, L6P 3W4
Aman Sharma — Open Saturday
Providing excellent quality legal services to our clients

MagGas Medical Brampton — MGM MAGGAS MEDICAL INC. Helping you breathe deep and rest easy.
CPAP machines, masks and supplies • Free consultations • 30 day mask exchange • Free deliveries
(647) 954-9885 • 20 Maritime Ont Blvd Unit 15, Brampton, ON L6S 0C2

SUPER VISA INSURANCE EXPERTS — Punjab Insurance Inc
Disability Insurance • Mortgage Insurance • Life Insurance • Visitor & Travel Insurance • RESP(Education Plan) • Critical Illness Insurance
RANJIT GILL, Insurance Advisor — Ph: 416.724.5000
7003 Steeles Ave. W, Unit 10, Etobicoke, ON, M9W 0A2 • gill@punjabinsurance.ca • topinsuranceservices.ca

Royal Pest Control
Residential • Commercial • Industrial
Specialist in Bedbugs Service
All Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

INSURANCE
Home • Auto • Business • Trucking • Life Insurance • Commercial
647-206-2452 — Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance • Life & Disability • Critical illness • RESP • Visitor & Travel insurance
(416-845-1352) — Manwinder Mangat, Broker
Aaxel InsuranceBrokers Ltd. — 1332 Khalsa Dr, Unit # 11, Mississauga, ON

HELPING YOU PLAN TODAY...FOR TOMORROW
Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
www.ufsinsurance.com
JATINDERBIR S BAJWA, Insurance Broker — Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley, Barrister, Solicitor & Notary Public — 905-362-0755

Canada Consumer Credit Assistance — ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal, Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 — NC Dhawan, Certified Instructor

PROTECT YOUR HOME FROM PESTS — Pest Control
100% Success rate for bed bug Treatment • Low Rates/Excellent Pest Control Services
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE — A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre — Cell: 416-841-4218 Tel: 905-216-5563
AvonFinancial, Brokerage Lic. 12538 — Harpreet Singh Goraya, Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB — BARRISTER SOLICITOR NOTARY
Address: 2130 North Park Dr. Suite 246 Brampton, ON L6S 0C9 — T: 905 799 9333 — www.mannlawfirm.ca

# ਓਕਵਿੱਲ ਵਿੱਚ ਆਊਟਸਾਈਡ ਵਰਕਰਜ਼, ਫੈਸਿਲਿਟੀ ਆਪਰੇਟਰਜ਼ ਨੇ ਕੀਤਾ ਕੰਮ ਬੰਦ

ਓਕਵਿੱਲ, 2 ਨਵੰਬਰ (ਪੋਸਟ ਬਿਊਰੋ) : ਟਾਊਨ ਦੇ ਕੁੱਝ ਵਰਕਰਾਂ ਵੱਲੋਂ ਧਰਨਾ ਲਾਏ ਜਾਣ ਕਾਰਨ ਓਕਵਿੱਲ ਦੇ ਕਮਿਊਨਿਟੀ ਸੈਂਟਰਜ਼ ਤੇ ਅਰੇਨਾਜ਼ ਨੂੰ ਬੰਦ ਕਰਨਾ ਪੈ ਗਿਆ ਹੈ ਤੇ ਕਈ ਸੇਵਾਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

ਟਾਊਨ ਆਫ ਓਕਵਿੱਲ ਦੇ 285 ਆਊਟਸਾਈਡ ਵਰਕਰਜ਼ ਤੇ ਫੈਸਿਲਿਟੀ ਆਪਰੇਟਰਜ਼ ਦੀ ਨੁਮਾਇੰਦਗੀ ਕਰਨ ਵਾਲੀ ਕਿਊਪ ਲੋਕਲ 135 ਦਾ ਕਹਿਣਾ ਹੈ ਕਿ ਉਹ 2 ਨਵੰਬਰ ਨੂੰ 12:01 ਉੱਤੇ ਹੜਤਾਲ ਉੱਤੇ ਗਏ ਹਨ। ਇਸ ਹੜਤਾਲ ਤੋਂ ਮਤਲਬ ਹੈ ਕਿ ਕਈ ਫੈਸਿਲਿਟੀਜ਼ ਤੇ ਮਨੋਰੰਜਕ ਪ੍ਰੋਗਰਾਮ ਬੰਦ ਕੀਤੇ ਜਾਣਗੇ। ਇਸ ਹੜਤਾਲ ਕਾਰਨ ਹੇਠ ਲਿਖੀਆਂ ਫੈਸਿਲਿਟੀਜ਼ ਤੇ ਪ੍ਰੋਗਰਾਮ ਬੰਦ ਜਾਂ ਰੱਦ ਕੀਤੇ ਗਏ ਹਨ :

- ਕਮਿਊਨਿਟੀ ਸੈਂਟਰ ਤੇ ਅਰੇਨਾਜ਼
- ਪਾਰਕਾਂ ਵਿਚਲੇ ਵਾਸ਼ਰੂਮਜ਼
- ਲੀਸ਼ ਤੋਂ ਮੁਕਤ ਡੌਗ ਪਾਰਕ
- ਬ੍ਰੌਂਟ ਐਥਲੈਟਿਕ ਪਾਰਕ ਦਾ ਫੀਲਡ ਹਾਊਸ




- ਮਨੋਰੰਜਨ ਤੇ ਕਲਚਰ ਰੈਂਟਲਜ਼ ਤੇ ਪ੍ਰੋਗਰਾਮਾਂ ਨੂੰ ਰੱਦ ਕਰਨਾ ਪਿਆ ਹੈ
- ਰਿਹਾਇਸ਼ੀ ਸੜਕਾਂ ਉੱਤੇ ਡਿੱਗੇ ਹੋਏ ਪੱਤਿਆਂ ਨੂੰ ਇੱਕਠਾ ਕਰਨ ਦੀ ਸਰਵਿਸ ਮੁਲਤਵੀ ਕੀਤੀ ਗਈ ਹੈ , ਇਹ ਸਰਵਿਸ ਪ੍ਰਾਇਮਰੀ ਤੇ ਸੈਕੰਡਰੀ ਰੋਡਜ਼ ਉੱਤੇ ਹੀ ਜਾਰੀ ਰਹੇਗੀ
- ਪਾਰਕਾਂ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਕੁੱਝ ਹੋਰ ਸਰਵਿਸਿਜ਼, ਸੜਕਾਂ ਤੇ ਵਰਕਸ ਆਪਰੇਸ਼ਨਜ਼ ਵੀ ਘਟਾ ਦਿੱਤੇ ਗਏ ਹਨ।

ਜਿਹੜੀਆਂ ਸਰਵਿਸਿਜ ਜਾਰੀ ਰਹਿਣਗੀਆਂ :

- ਸਰਵਿਸ ਓਕਵਿੱਲ ਸਮੇਤ ਟਾਊਨ ਹਾਲ
- ਲਾਇਬ੍ਰੇਰੀਜ਼ (ਜਿਹੜੀਆਂ ਕਮਿਊਨਿਟੀ ਸੈਂਟਰਜ਼ ਦੇ ਬਾਹਰ ਵੀ ਆਪਰੇਟ ਕਰਦੀਆਂ ਹਨ)
- ਸੀਨੀਅਰਜ਼ ਲਈ ਸਰ ਜੌਹਨ ਕੋਲਬਰਨ ਰੀਕ੍ਰਿਏਸ਼ਨ ਸੈਂਟਰ
- ਅਰਚਲੈੱਸ ਅਸਟੇਟ ਉੱਤੇ ਸਥਿਤ ਓਕਵਿੱਲ ਮਿਊਜ਼ੀਅਮ
- ਪਰਫੌਰਮਿੰਗ ਆਰਟਸ ਲਈ ਓਕਵਿੱਲ ਸੈਂਟਰ
- ਓਕਵਿੱਲ ਟਰਾਂਜ਼ਿਟ ਆਪਰੇਟ ਕਰਦੀ ਰਹੇਗੀ
- ਟਾਊਨ ਆਫ ਓਕਵਿੱਲ ਦੀਆਂ ਜਿਹੜੀਆਂ ਸਰਵਿਸਿਜ਼ ਆਨਲਾਈਨ ਦਿੱਤੀਆਂ ਜਾਂਦੀਆਂ ਹਨ

# ਆਈ.ਆਈ.ਟੀ. ਬਨਾਰਸ ਵਿਚ ਬੰਦੂਕ ਦੀ ਨੋਕ 'ਤੇ ਵਿਦਿਆਰਥਣ ਨਾਲ ਅਸ਼ਲੀਲਤਾ, ਰਾਤ 1:30 ਵਜੇ 3 ਨੌਜਵਾਨਾਂ ਨੇ ਕੱਪੜੇ ਉਤਰਵਾਏ, ਬਣਾਈ ਵੀਡੀਓ

## ਵਿਦਿਆਰਥੀਆਂ ਨੇ ਕੀਤਾ ਪ੍ਰਦਰਸ਼ਨ, ਕੈਂਪਸ ਬੰਦ, ਇੰਟਰਨੈੱਟ ਠੱਪ

ਵਾਰਾਣਸੀ, 2 ਨਵੰਬਰ (ਪੋਸਟ ਬਿਊਰੋ): ਆਈ.ਆਈ.ਟੀ. ਬੀ.ਐੱਚ.ਯੂ. ਵਿੱਚ ਬੁੱਧਵਾਰ ਦੇਰ ਰਾਤ ਇੱਕ ਵਿਦਿਆਰਥਣ ਨਾਲ ਛੇੜਛਾੜ ਕੀਤੀ ਗਈ। ਆਪਣੇ ਦੋਸਤ ਨਾਲ ਜਾ ਰਹੀ ਇੱਕ ਲੜਕੀ ਨੂੰ ਤਿੰਨ ਨੌਜਵਾਨਾਂ ਨੇ ਰੋਕ ਲਿਆ। ਲੜਕੀ ਅਤੇ ਲੜਕੇ ਨੂੰ ਬੰਦੂਕ ਦੀ ਨੋਕ 'ਤੇ ਵੱਖ ਕਰ ਦਿੱਤਾ ਗਿਆ। ਫਿਰ ਉਸ ਨੂੰ ਜ਼ਬਰਦਸਤੀ ਚੁੰਮਣ ਤੋਂ ਬਾਅਦ ਉਨ੍ਹਾਂ ਨੇ ਉਸ ਦੇ ਕੱਪੜੇ ਉਤਾਰ ਦਿੱਤੇ। ਇਸ ਦੀ ਵੀਡੀਓ ਬਣਾਉਣੀ ਸ਼ੁਰੂ ਕਰ ਦਿੱਤੀ। ਇਸ ਘਟਨਾ ਦੇ ਵਿਰੋਧ ਵਿਚ ਵੀਰਵਾਰ ਨੂੰ ਹਜ਼ਾਰਾਂ ਵਿਦਿਆਰਥੀ ਸੜਕਾਂ 'ਤੇ ਉਤਰ ਆਏ।




ਇਹ ਘਟਨਾ ਬੀਐੱਚਯੂ ਕੈਂਪਸ ਵਿਚ ਕਰਮਨ ਬਾਬਾ ਮੰਦਰ ਤੋਂ ਕਰੀਬ 300 ਮੀਟਰ ਦੂਰ ਐਗਰੀਕਲਚਰ ਫਾਰਮ ਨੇੜੇ ਰਾਤ ਕਰੀਬ 1:30 ਵਜੇ ਵਾਪਰੀ। ਅੱਜ ਸਵੇਰੇ ਕਰੀਬ 2500 ਵਿਦਿਆਰਥੀਆਂ ਨੇ ਰਾਜਪੂਤਾਨਾ ਹਾਸਟਲ ਦੇ ਸਾਹਮਣੇ ਧਰਨਾ ਦਿੱਤਾ। ਇਸ ਤੋਂ ਬਾਅਦ ਪੂਰੇ ਕੈਂਪਸ ਵਿਚ ਰੋਸ ਦੀ ਹਵਾ ਫੈਲ ਗਈ। ਕੁਝ ਦੇਰ ਵਿੱਚ ਹੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਇਸ ਧਰਨੇ ਵਿਚ ਸ਼ਾਮਿਲ ਹੋ ਗਏ। ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਕਰਦਿਆਂ ਪੂਰੇ ਕੈਂਪਸ ਨੂੰ ਬੰਦ ਕਰ ਦਿੱਤਾ। ਕਲਾਸਾਂ ਅਤੇ ਲੈਬਾਂ ਵਿੱਚ ਖੋਜ ਦਾ ਕੰਮ ਵੀ ਬੰਦ ਕਰ ਦਿੱਤਾ ਗਿਆ। ਪੂਰੇ ਕੈਂਪਸ ਵਿੱਚ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਹੈ। ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ 10 ਘੰਟੇ ਤੋਂ ਵੱਧ ਸਮਾਂ ਹੋ ਗਿਆ ਹੈ। ਉਹ ਹਾਲੇ ਵੀ ਆਪਣੀ ਮੰਗ 'ਤੇ ਅੜੇ ਹਨ। ਵਿਦਿਆਰਥੀ ਹਾਲੇ ਵੀ ਆਈ.ਆਈ.ਟੀ.-ਬੀਐੱਚਯੂ ਦੇ ਡਾਇਰੈਕਟਰ ਦੇ ਕਮਰੇ ਦੇ ਬਾਹਰ ਇਕੱਠੇ ਹੋਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਉਸ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਹ ਡਾਇਰੈਕਟਰ ਨੂੰ ਕਮਰਾ ਨਹੀਂ ਛੱਡਣ ਦੇਣਗੇ। ਉਧਰ ਪੁਲਿਸ ਨੇ ਇਸ ਮਾਮਲੇ ਵਿੱਚ ਲੰਕਾ ਥਾਣੇ ਵਿੱਚ ਐੱਫਆਈਆਰ ਦਰਜ ਕਰ ਲਈ ਹੈ।

# ਜੋਅ ਬਾਇਡੇਨ ਨੇ ਇਜ਼ਰਾਈਲ ਅਤੇ ਹਮਾਸ ਨੂੰ ਕੀਤੀ ਅਪੀਲ: ਕਿਹਾ-ਥੋੜ੍ਹੀ ਦੇਰ ਲਈ ਹੀ ਸਹੀ, ਪਰ ਜੰਗ ਰੋਕ ਦਿਓ



ਵਾਸ਼ਿੰਗਟਨ, 2 ਨਵੰਬਰ (ਪੋਸਟ ਬਿਊਰੋ): ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਬੁੱਧਵਾਰ ਸ਼ਾਮ ਨੂੰ ਕਿਹਾ ਕਿ ਫਲਸਤੀਨ ਵਿਚ ਮਨੁੱਖੀ ਜ਼ਰੂਰਤਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਇਜ਼ਰਾਈਲ-ਹਮਾਸ ਜੰਗ ਵਿਚ 'ਕੁਝ ਸਮੇਂ ਲਈ ਵਿਰਾਮ' ਦੀ ਲੋੜ ਹੈ। ਬਾਇਡੇਨ ਨੇ ਇਜ਼ਰਾਈਲ-ਹਮਾਸ ਯੁੱਧ ਦੇ ਵਿਚਕਾਰ ਇੱਕ ਪ੍ਰਦਰਸ਼ਨਕਾਰੀ ਵਲੋਂ ਜੰਗਬੰਦੀ ਦੀ ਮੰਗ ਕਰਨ ਤੋਂ ਬਾਅਦ ਆਪਣੀ ਚੋਣ ਮੁਹਿੰਮ ਦੌਰਾਨ ਇਹ ਗੱਲ ਕਹੀ। ਬਾਇਡੇਨ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਜੰਗ ਨੂੰ ਰੋਕਣ ਦੀ ਲੋੜ ਹੈ, ਭਾਵੇਂ ਥੋੜ੍ਹੇ ਸਮੇਂ ਲਈ। ਇਹ ਅਪੀਲ ਬਿਡੇਨ ਅਤੇ ਵ੍ਹਾਈਟ ਹਾਊਸ, ਅਮਰੀਕਾ ਦੀ ਸਰਕਾਰੀ ਰਿਹਾਇਸ਼ ਅਤੇ ਦਫਤਰ ਦੇ ਚੋਟੀ ਦੇ ਸਹਿਯੋਗੀਆਂ ਵੱਲੋਂ ਹੁਣ ਤੱਕ ਲਏ ਗਏ ਰੁਖ ਤੋਂ ਵੱਖਰੀ ਹੈ।

ਦੱਸ ਦੇਈਏ ਕਿ ਪੱਛਮੀ ਏਸ਼ੀਆ ਸੰਕਟ ਦੇ ਦੌਰਾਨ ਅਮਰੀਕਾ ਅਧਿਕਾਰਤ ਤੌਰ 'ਤੇ ਕਹਿੰਦਾ ਰਿਹਾ ਹੈ ਕਿ ਉਹ ਇਸ ਬਾਰੇ ਨਿਰਦੇਸ਼ ਨਹੀਂ ਦੇਵੇਗਾ ਕਿ ਹਮਾਸ ਦੇ 7 ਅਕਤੂਬਰ ਦੇ ਹਮਲੇ ਦੇ ਜਵਾਬ ਵਿੱਚ ਇਜ਼ਰਾਈਲ ਨੂੰ ਆਪਣੀ ਫੌਜੀ ਕਾਰਵਾਈ ਕਿਵੇਂ ਕਰਨੀ ਚਾਹੀਦੀ ਹੈ। ਰਾਸ਼ਟਰਪਤੀ ਨੂੰ ਮਨੁੱਖੀ ਅਧਿਕਾਰ ਸਮੂਹਾਂ, ਸਹਿਯੋਗੀ ਵਿਸ਼ਵ ਨੇਤਾਵਾਂ ਅਤੇ ਇੱਥੋਂ ਤੱਕ ਕਿ ਉਸਦੀ ਆਪਣੀ ਡੈਮੋਕਰੇਟਿਕ ਪਾਰਟੀ ਦੇ ਉਦਾਰਵਾਦੀ ਮੈਂਬਰਾਂ ਦੇ ਵੱਧਦੇ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ, ਜੋਅ ਕਹਿੰਦੇ ਹਨ ਕਿ ਗਾਜ਼ਾ 'ਤੇ ਇਜ਼ਰਾਈਲ ਦੀ ਬੰਬਾਰੀ ਸਮੂਹਿਕ ਸਜ਼ਾ ਹੈ ਅਤੇ ਇਹ ਜੰਗਬੰਦੀ ਦਾ ਸਮਾਂ ਹੈ। ਆਪਣੇ ਬਿਆਨਾਂ ਵਿੱਚ, ਬਿਡੇਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ 'ਤੇ ਦਬਾਅ ਪਾਇਆ ਕਿ ਉਹ ਫਲਸਤੀਨੀਆਂ ਨੂੰ ਜਾਰੀ

## ਅੱਜ ਨਾਮਾ


ਅਫਸਰ ਈ ਡੀ ਦੇ ਫੜੇ ਆ ਮਾਲ ਲੈਂਦੇ,
ਭ੍ਰਿਸ਼ਟਾਚਾਰ ਦੀ ਹੱਦ ਜਿਹੀ ਹੋਈ ਬੇਲੀ।
ਪੁਲਸ ਸੂਬੇ ਦੀ ਕੇਂਦਰ ਦੇ ਫੜੇ ਅਫਸਰ,
ਚੁਫੇਰੇ ਬਹੁਤੀ ਆ ਹੋਈ ਬਦਖੋਈ ਬੇਲੀ।
ਮਨੀਪੁਰ ਤੋਂ ਕਿੱਥੋਂ ਤੱਕ ਆਏ ਅਫਸਰ,
ਗਈ ਨਹੀਂ ਲਾਲਚੀ ਮੱਤ ਲੁਕੋਈ ਬੇਲੀ।
ਜਿਹੜੇ ਅਫਸਰਾਂ ਫੜ੍ਹਨਾ ਸੀ ਦੋਸ਼ੀਆਂ ਨੂੰ,
ਉਹਨਾਂ ਕਿਸ਼ਤੀ ਖੁਦ ਪਈ ਡੁਬੋਈ ਬੇਲੀ।
ਗੱਲ ਨਾ ਕੋਈ ਵੀ ਰਹੀ ਆ ਕਰਨ ਵਾਲੀ,
ਕਰੀਏ ਕੀਹਦੇ'ਤੇ ਭਲਾ ਵਿਸ਼ਵਾਸ ਬੇਲੀ।
ਚੰਦਰੀ ਨੀਤ ਆ ਕਦੀ ਵੀ ਭਟਕ ਸਕਦੀ,
ਕੀਤੀ-ਕੱਤਰੀ ਦਾ ਕਰ ਦਏ ਨਾਸ ਬੇਲੀ।

**ਤੀਸ ਮਾਰ ਖਾਂ**





















# ਬ੍ਰੈਂਪਟਨ ਵਿੱਚ ਪਟਾਕਿਆਂ ਤੇ ਪਾਬੰਦੀ ਹੈ

ਤੁਹਾਨੂੰ ਪਟਾਕੇ ਇਸਤੇਮਾਲ ਕਰਨ, ਖਰੀਦਣ, ਵੇਚਣ, ਚਲਾਉਣ, ਡਿਸਪਲੇ ਕਰਨ ਜਾਂ ਆਪਣੇ ਕੋਲ ਰੱਖਣ ਦੀ ਇਜਾਜ਼ਤ ਨਹੀਂ ਹੈ



Scan to learn more

311 brampton.ca/fireworks BRAMPTON





## 'ਸਰਾਭਾ' ਪੰਜਾਬੀ ਫ਼ਿਲਮ 3 ਨਵੰਬਰ ਨੂੰ ਰੀਲੀਜ਼ ਹੋ ਰਹੀ ਹੈ। ਦਰਸ਼ਕ ਕੈਨੇਡਾ ਵਿਚ ਹੇਠ ਲਿਖੇ ਸਿਨੇਮਾਂਘਰਾਂ ਵਿਚ ਇਸ ਫ਼ਿਲਮ ਨੂੰ ਦੇਖ ਸਕਦੇ ਹਨ

| CIRCUIT | THEATRE | CITY | PROV |
|---|---|---|---|
| CINEPLEX ENTERTAINMENT | ODEON SUNRIDGE SPECTRUM | CALGARY | AB |
| CINEPLEX ENTERTAINMENT | CINEPLEX CINEMAS MANNING TOWN CENTRE | EDMONTON | AB |
| CINEPLEX ENTERTAINMENT | SILVERCITY MISSION | MISSION | BC |
| CINEPLEX ENTERTAINMENT | CINEPLEX CINEMAS STRAWBERRY HILL | SURREY | BC |
| CINEPLEX ENTERTAINMENT | CINEMA CITY NORTHGATE | WINNIPEG | MB |
| CINEPLEX ENTERTAINMENT | CINEPLEX CINEMAS TRINITY DRIVE | MONCTON | NB |
| CINEPLEX ENTERTAINMENT | CINEPLEX CINEMAS PARK LANE | HALIFAX | NS |
| CINEPLEX ENTERTAINMENT | CINEPLEX AJAX | AJAX | ON |
| CINEPLEX ENTERTAINMENT | SILVERCITY BRAMPTON | BRAMPTON | ON |
| CINEPLEX ENTERTAINMENT | CINEPLEX CINEMAS COURTNEY PARK | MISSISSAUGA | ON |
| CINEPLEX ENTERTAINMENT | CINEPLEX CINEMAS WINSTON CHURCHILL | OAKVILLE | ON |
| CINEPLEX ENTERTAINMENT | ODEON SOUTH KEYS | OTTAWA | ON |
| CINEPLEX ENTERTAINMENT | ODEON EGLINTON TOWN CENTRE | SCARBOROUGH | ON |
| CINEPLEX ENTERTAINMENT | CINEPLEX CINEMAS YONGE-DUNDAS & VIP | TORONTO | ON |
| CINEPLEX ENTERTAINMENT | GALAXY WATERLOO | WATERLOO | ON |
| CINEPLEX ENTERTAINMENT | ODEON DEVONSHIRE MALL | WINDSOR | ON |
| CINEPLEX ENTERTAINMENT | CINEPLEX CINEMAS VAUGHAN | WOODBRIDGE | ON |
| CINEPLEX ENTERTAINMENT | CINEPLEX CINEMAS CHARLOTTETOWN | CHARLOTTETOWN | PEI |
| CINEPLEX ENTERTAINMENT | CINEPLEX FORUM | MONTREAL | QC |
| CINEPLEX ENTERTAINMENT | CINEPLEX CINEMAS NORMANVIEW | REGINA | SK |
| CINEPLEX ENTERTAINMENT | SCOTIABANK THEATRE SASKATOON & VIP | SASKATOON | SK |


Office: 416-654-1010

Sutton

Sutton Group Security Real Estate Brokerage
2700 Dufferin St #47, Toronto ON M6B4J3



"For all your real estate needs"

Anabela Serra
Sales Representative
416-400-5825
anabelserra75@gmail.com






### 98 JOHN ST E
Bradford West Gwillimbury, Ontario L3Z1G4


A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters

### 97 JOHN ST E
Bradford West Gwillimbury, Ontario L3Z2B5





A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

### 103 JOHN ST W
Bradford West Gwillimbury, Ontario L3Z2A8




**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

### 6273 YONGE ST
Innisfil, Ontario L0L1K0




Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

### 2217 VICTORIA ST
Innisfil, Ontario L9S1A8




Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.



# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

**ਪਾਸਪੋਰਟ / ਵੀਜ਼ਾ**
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

**Vehicle Registration**
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

**Other Services**
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.

Lic. 600094



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us






Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਰਿਮਸ ਦੇ ਹਾਸਟਲ ਵਿਚੋਂ ਮੈਡੀਕਲ ਵਿਦਿਆਰਥੀ ਦੀ ਮਿਲੀ ਸੜੀ ਹੋਈ ਲਾਸ਼



ਰਾਂਚੀ, 2 ਨਵੰਬਰ (ਪੋਸਟ ਬਿਊਰੋ): ਝਾਰਖੰਡ ਦੇ ਸਭ ਤੋਂ ਵੱਡੇ ਹਸਪਤਾਲ ਰਜਿੰਦਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਰਿਮਸ) ਦੇ ਹੋਸਟਲ ਨੰਬਰ 5 ਵਿੱਚੋਂ ਇੱਕ ਵਿਦਿਆਰਥੀ ਦੀ ਸੜੀ ਹੋਈ ਲਾਸ਼ ਮਿਲੀ ਹੈ। ਹਾਸਟਲ ਵਿਚੋਂ ਇਕ ਵਿਦਿਆਰਥੀ ਦੀ ਸੜੀ ਹੋਈ ਲਾਸ਼ ਮਿਲਣ ਤੋਂ ਬਾਅਦ ਹੜਕੰਪ ਮਚ ਗਿਆ ਹੈ। ਮ੍ਰਿਤਕ ਵਿਦਿਆਰਥੀ ਦੀ ਪਹਿਚਾਣ ਮਦਨ ਕੁਮਾਰ ਵਜੋਂ ਹੋਈ ਹੈ। ਮਦਨ ਰਿਮਸ ਦੇ ਐੱਫ.ਐੱਮ.ਪੀ. ਵਿਭਾਗ ਦਾ ਦੂਜੇ ਸਾਲ ਦਾ ਵਿਦਿਆਰਥੀ ਸੀ। ਦੱਸਿਆ ਜਾਂਦਾ ਹੈ ਕਿ ਉਹ ਤਾਮਿਲਨਾਡੂ ਦਾ ਰਹਿਣ ਵਾਲਾ ਸੀ। ਮਦਨ ਰਿਮਸ ਹੋਸਟਲ ਨੰ. 5 ਦੇ ਕਮਰਾ ਨੰ. 79 ਵਿੱਚ ਰਹਿਕੇ ਪੜ੍ਹਾਈ ਕਰ ਰਿਹਾ ਸੀ। ਪੁਲਿਸ ਅਨੁਸਾਰ ਵਿਦਿਆਰਥੀ ਦਾ ਚਿਹਰਾ ਅਤੇ ਲੱਤਾਂ ਪੂਰੀ ਤਰ੍ਹਾਂ ਸੜ ਗਈਆਂ ਹਨ। ਬਰਿਆਤੂ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਵਿਚ ਜੁਟੀ ਹੋਈ ਹੈ। ਇਸ ਤੋਂ ਇਲਾਵਾ ਐੱਫਐੱਸਐੱਲ ਟੀਮ ਨੂੰ ਵੀ ਜਾਂਚ ਲਈ ਮੌਕੇ 'ਤੇ ਬੁਲ-ਾਇਆ ਗਿਆ ਹੈ।

ਇਸ ਹਾਸਟਲ ਵਿੱਚ ਮੈਡੀਕਲ ਵਿਦਿਆਰਥੀ ਰਹਿੰਦੇ ਹਨ। ਪੁਲਿਸ ਜਾਂਚ ਦੌਰਾਨ ਹਾਸਟਲ ਦੀ ਛੱਤ 'ਤੇ ਇਕ ਨੌਜਵਾਨ ਦੇ ਪੈਰਾਂ ਦੇ ਨਿਸ਼ਾਨ ਮਿਲੇ ਹਨ। ਨਿਸ਼ਾਨਾਂ ਨੂੰ ਦੇਖ ਕੇ ਲੱਗਦਾ ਹੈ ਕਿ ਨੌਜਵਾਨ ਨੇ ਅੱਗ ਲੱਗਣ ਤੋਂ ਬਾਅਦ ਹਾਸਟਲ ਦੀ ਛੱਤ ਤੋਂ ਹੇਠਾਂ ਛਾਲ ਮਾਰ ਦਿੱਤੀ, ਜਿਸ ਤੋਂ ਬਾਅਦ ਉਸ ਦੀ ਮੌਤ ਹੋ ਗਈ। ਹਾਸਟਲ ਦੀ ਛੱਤ ਤੋਂ ਵੱਡੀ ਮਾਤਰਾ ਵਿਚ ਮੋਬਾਈਲ ਦੇ ਪੁਰਜ਼ੇ ਵੀ ਮਿਲੇ ਹਨ। ਬਰਿਆਤੂ ਪੁਲਿਸ ਟੀਮ ਮੌਕੇ 'ਤੇ ਹਾਸਟਲ ਵਿਚ ਰਹਿ ਰਹੇ ਹੋਰ ਵਿਦਿਆਰਥੀਆਂ ਤੋਂ ਪੁੱਛਗਿੱਛ ਕਰ ਰਹੀ ਹੈ।

# 15 ਲੱਖ ਦੀ ਰਿਸ਼ਵਤ ਲੈਂਦੇ ਈ.ਡੀ. ਅਧਿਕਾਰੀ ਸਹਿਯੋਗੀ ਸਮੇਤ ਗ੍ਰਿਫਤਾਰ



ਜੈਪੁਰ, 2 ਨਵੰਬਰ (ਪੋਸਟ ਬਿਊਰੋ): ਭ੍ਰਿਸ਼ਟਾਚਾਰ ਰੋਕੂ ਬਿਊਰੋ ਦੀ ਟੀਮ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਇੱਕ ਅਧਿਕਾਰੀ ਨੂੰ ਰਿਸ਼ਵਤ ਲੈਂਦੇ ਫੜ੍ਹਿਆ ਹੈ। ਰਿਪੋਰਟਾਂ ਦੇ ਅਨੁਸਾਰ, ਇੰਫਾਲ ਦੇ ਇੱਕ ਅਧਿਕਾਰੀ ਅਤੇ ਉਸਦੇ ਸਾਥੀ ਨੂੰ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਨੇ ਸ਼ਿਕਾਇਤਕਰਤਾ ਤੋਂ ਕਥਿਤ ਤੌਰ 'ਤੇ 15 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਸੀ ਕਿ ਈ.ਡੀ. ਅਧਿਕਾਰੀ ਨਵਲ ਕਿਸ਼ੋਰ ਮੀਨਾ ਉਸ ਖਿਲਾਫ਼ ਕੇਸ ਦਾ ਨਿਪਟਾਰਾ ਕਰਨ ਲਈ 17 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਲਈ ਇਹ ਰਕਮ ਮੰਗੀ ਸੀ।

ਜਾਣਕਾਰੀ ਮੁਤਾਬਕ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚ ਈ.ਡੀ. ਦੇ ਇੰਫਾਲ (ਮਨੀਪੁਰ) ਦਫਤਰ ਦੇ ਇਨਫੋਰਸਮੈਂਟ ਅਫਸਰ (ਈ.ਓ.) ਨਵਲ ਕਿਸ਼ੋਰ ਮੀਨਾ ਅਤੇ ਉਸ ਦਾ ਸਥਾਨਕ ਸਹਿਯੋਗੀ ਬਾਬੂਲਾਲ ਮੀਨਾ ਸ਼ਾਮਿਲ ਹਨ। ਸ਼ਿਕਾਇਤਕਰਤਾ ਨੇ ਸ਼ਿਕਾਇਤ ਕੀਤੀ ਕਿ ਮੁਲਜ਼ਮ ਇਨਫੋਰਸਮੈਂਟ ਅਫਸਰ ਨਵਲ ਕਿਸ਼ੋਰ ਮੀਨਾ ਵਲੋਂ ਚਿੱਟ ਫੰਡ ਕੇਸ ਵਿਚ ਉਸ ਖਿਲਾਫ਼ ਦਰਜ ਕੇਸ ਦਾ ਨਿਪਟਾਰਾ ਕਰਨ, ਜਾਇਦਾਦ ਜ਼ਬਤ ਨਾ ਕਰਨ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਦਫ਼ਤਰ ਵਿੱਚ ਉਸ ਨੂੰ ਗ੍ਰਿਫ਼ਤਾਰ ਨਾ ਕਰਨ ਬਦਲੇ 17 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕਰਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਸ਼ਿਕਾਇਤ ਦੀ ਪੁਸ਼ਟੀ ਕਰਨ ਤੋਂ ਬਾਅਦ, ਏ.ਸੀ.ਬੀ. ਦੀ ਟੀਮ ਨੇ ਵੀਰਵਾਰ ਨੂੰ ਮੁਲਜ਼ਮ ਨਵਲ ਕਿਸ਼ੋਰ ਮੀਨਾ ਉਰਫ਼ ਐੱਨ.ਕੇ. ਮੀਨਾ ਨੂੰ ਉਸਦੇ ਸਹਿਯੋਗੀ ਬਾਬੂਲਾਲ ਮੀਨਾ ਉਰਫ ਦਿਨੇਸ਼ ਰਾਹੀਂ ਸ਼ਿਕਾਇਤਕਰਤਾ ਤੋਂ 15 ਲੱਖ ਰੁਪਏ ਦੀ ਰਿਸ਼ਵਤ ਦੀ ਰਕਮ ਲੈਂਦੇ ਹੋਏ ਜੈਪੁਰ ਵਿਚ ਗ੍ਰਿਫ਼ਤਾਰ ਕਰ ਲਿਆ। ਇਸ ਅਨੁਸਾਰ ਨਵਲ ਕਿਸ਼ੋਰ ਮੂਲ ਰੂਪ ਵਿਚ ਰਾਜਸਥਾਨ ਦੇ ਬੱਸੀ ਜ਼ਿਲੇ ਦੇ ਪਿੰਡ ਵਿਮਲਪੁਰਾ ਦਾ ਵਸਨੀਕ ਹੈ, ਜਦੋਂਕਿ ਉਸ ਦਾ ਸਾਥੀ ਬਾਬੂਲਾਲ ਸਬ-ਰਜਿਸਟਰਾਰ ਦਫ਼ਤਰ-ਮੁੰਦਾਵਰ ਵਿੱਚ ਜੂਨੀਅਰ ਅਸਿਸਟੈਂਟ ਦੇ ਅਹੁਦੇ 'ਤੇ ਕੰਮ ਕਰ ਰਿਹਾ ਹੈ। ਰਿਸ਼ਵਤ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਇਨ੍ਹਾਂ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਕੇਜਰੀਵਾਲ ਦੇ ਇਕ ਹੋਰ ਮੰਤਰੀ ਰਾਜਕੁਮਾਰ ਆਨੰਦ ਦੇ ਘਰ ਸਮੇਤ 9 ਟਿਕਾਣਿਆਂ 'ਤੇ ਈਡੀ.ਦਾ ਛਾਪਾ



ਨਵੀਂ ਦਿੱਲੀ, 2 ਨਵੰਬਰ (ਪੋਸਟ ਬਿਊਰੋ): ਇਨ੍ਹੀਂ ਦਿਨੀਂ ਆਮ ਆਦਮੀ ਪਾਰਟੀ ਦੇ ਕਈ ਆਗੂ ਪਹਿਲਾਂ ਹੀ ਜੇਲ੍ਹ ਵਿਚ ਹਨ ਅਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਵੀ ਇਨਫੋਰਸਮੈਂਟ ਡਾਇਰੈਕਟੋਰੇਟ ਮਤਲਬ ਈ.ਡੀ. ਨੇ ਪੁੱਛਗਿੱਛ ਲਈ ਤਲਬ ਕੀਤਾ ਹੈ। ਇਸ ਦੇ ਨਾਲ ਹੀ ਵੀਰਵਾਰ ਸਵੇਰੇ ਈ.ਡੀ. ਨੇ ਸਿਕੰਜਾ ਕੱਸਿਆ ਹੈ ਅਤੇ ਦਿੱਲੀ ਸਰਕਾਰ ਦੇ ਇੱਕ ਹੋਰ ਮੰਤਰੀ ਰਾਜਕੁਮਾਰ ਆਨੰਦ 'ਤੇ ਛਾਪਾ ਮਾਰਿਆ ਹੈ।

ਵੀਰਵਾਰ ਸਵੇਰੇ ਈਡੀ ਨੇ ਛਾਪਾ ਮਾਰਨ ਲਈ ਦਿੱਲੀ ਸਰਕਾਰ ਦੇ ਮੰਤਰੀ ਰਾਜਕੁਮਾਰ ਆਨੰਦ ਦੇ ਘਰ ਦਾ ਦਰਵਾਜ਼ਾ ਖੜਕਾਇਆ। ਜਾਣਕਾਰੀ ਮੁਤਾਬਕ ਰਾਜਕੁਮਾਰ ਆਨੰਦ ਦੇ ਸਿਵਲ ਲਾਈਨ ਸਥਿਤ ਘਰ ਸਮੇਤ 9 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਰਾਜਕੁਮਾਰ ਆਨੰਦ ਸਾਲ 2020 ਵਿੱਚ ਦਿੱਲੀ ਦੀ ਪਟੇਲ ਨਗਰ ਸੀਟ ਤੋਂ ਵਿਧਾਇਕ ਬਣੇ ਸਨ। ਉਹ ਇਸ ਸਮੇਂ ਦਿੱਲੀ ਸਰਕਾਰ ਵਿੱਚ ਸਮਾਜ ਭਲਾਈ, ਸਹਿਕਾਰੀ ਵਿਭਾਗ, ਭੂਮੀ ਅਤੇ ਇਮਾਰਤ, ਕਿਰਤ ਮੰਤਰ-ਾਲਾ ਅਤੇ ਰੁਜ਼ਗਾਰ ਮੰਤਰਾਲੇ ਵਰਗੇ ਕਈ ਵਿਭਾਗਾਂ ਦਾ ਚਾਰਜ ਸੰਭਾਲ ਰਹੇ ਹਨ।

ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਈਡੀ ਨੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਵਿੱਚ ਰਾਜਕੁਮਾਰ ਆਨੰਦ ਖਿਲਾਫ਼ ਪੀਐਮਐਲਏ ਕਾਨੂੰਨ ਤਹਿਤ ਇਹ ਕਾਰਵਾਈ ਕੀਤੀ ਹੈ। ਇਹ ਜਾਂਚ ਡੀਆਰਆਈ ਵੱਲੋਂ ਦਾਇਰ ਪ੍ਰਤੀਵਾਦੀ ਪੱਖ ਦੀ ਸ਼ਿਕਾਇਤ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਸੀ। ਸ਼ਿਕਾਇਤ ਵਿਚ ਅੰਤਰਰਾਸ਼ਟਰੀ ਹਵਾਲਾ ਲੈਣ-ਦੇਣ ਅਤੇ ਝੂਠੇ ਐਲਾਨਾਂ ਰਾਹੀਂ 7 ਕਰੋੜ ਰੁਪਏ ਤੋਂ ਵੱਧ ਦੀ ਕਸਟਮ ਚੋਰੀ ਦੇ ਦੋਸ਼ ਵੀ ਸ਼ਾਮਿਲ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Ramgarhia Boy, well settled family in Canada is looking for a suitable match for their 33-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Well settled family living in canada from 16 years.
Call: 204-510-7658 or 519-917-5055

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4'' tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com












# ਮਹਾਰਾਸ਼ਟਰ ਸਰਕਾਰ ਮਰਾਠਾ ਰਾਖਵਾਂਕਰਨ ਦੇਣ ਲਈ ਤਿਆਰ: ਮਨੋਜ ਜਾਰੰਗੇ ਨੇ ਭੁੱਖ ਹੜਤਾਲ ਕੀਤੀ ਖ਼ਤਮ, ਸਰਕਾਰ ਨੂੰ ਦਿੱਤਾ 2 ਜਨਵਰੀ ਤੱਕ ਦਾ ਸਮਾਂ

ਮੁੰਬਈ, 2 ਨਵੰਬਰ (ਪੋਸਟ ਬਿਊਰੋ): ਮਹਾਰਾਸ਼ਟਰ ਵਿਚ ਮਰਾਠਾ ਰਾਖਵਾਂਕਰਨ ਦੀ ਮੰਗ ਨੂੰ ਲੈ ਕੇ 25 ਅਕਤੂਬਰ ਤੋਂ ਮਰਨ ਵਰਤ 'ਤੇ ਬੈਠੇ ਮਨੋਜ ਜਾਰੰਗੇ ਨੇ ਅੱਜ ਵੀਰਵਾਰ ਨੂੰ ਆਪਣੀ ਭੁੱਖ ਹੜਤਾਲ ਖਤਮ ਕਰ ਦਿੱਤੀ। ਮਨੋਜ ਨੇ ਸਰਕਾਰ ਨੂੰ 2 ਜਨਵਰੀ 2024 ਤੱਕ ਦਾ ਸਮਾਂ ਦਿੱਤਾ ਹੈ। ਇਸ ਤੋਂ ਪਹਿਲਾਂ ਸੇਵਾਮੁਕਤ ਜੱਜ ਸੁਨੀਲ ਸੁਕਰੇ ਅਤੇ ਐੱਮ.ਜੀ. ਗਾਇਕਵਾੜ ਨੇ ਮਨੋਜ ਨਾਲ ਮੁਲਾਕਾਤ



ਕੀਤੀ। ਉਨ੍ਹਾਂ ਨੇ ਮਨੋਜ ਨੂੰ ਦੱਸਿਆ ਕਿ ਸਰਕਾਰ ਸਥਾਈ ਰਾਖਵਾਂਕਰਨ ਦੇਣ ਲਈ ਕਾਨੂੰਨੀ ਤੌਰ 'ਤੇ ਕੀ ਕਰੇਗੀ।

ਇਸ ਤੋਂ ਬਾਅਦ 4 ਮੰਤਰੀਆਂ ਧਨੰਜੈ ਮੁੰਡੇ, ਸੰਦੀਪਨ ਭੂਮਰੇ, ਅਤੁਲ ਸੇਵ, ਉਦੈ ਸਾਮੰਤ ਦੇ ਵਫ਼ਦ ਨੇ ਜਾਰੰਗੇ ਨਾਲ ਮੁਲਾਕਾਤ ਕੀਤੀ ਅਤੇ ਭੁੱਖ ਹੜਤਾਲ ਖਤਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਸਥਾਈ ਮਰਾਠਾ ਰਾਖਵਾਂਕਰਨ ਦੇਣ ਦਾ ਵਾਅਦਾ ਵੀ ਕੀਤਾ। ਇਸ ਤੋਂ ਬਾਅਦ ਮਨੋਜ ਜਾਰੰਗੇ ਨੇ ਮਰਨ ਵਰਤ ਖਤਮ ਕਰਨ ਦਾ ਐਲਾਨ ਕੀਤਾ।

ਖੇਤੀਬਾੜੀ ਮੰਤਰੀ ਧਨੰਜੈ ਮੁੰਡੇ ਨੇ ਕਿਹਾ ਕਿ ਵਿਧਾਨਸਭਾ ਸੈਸ਼ਨ 7 ਦਸੰਬਰ ਤੋਂ ਸ਼ੁਰੂ ਹੋਵੇਗਾ। 8 ਦਸੰਬਰ ਨੂੰ ਹੋਣ ਵਾਲੇ ਇਸ ਸੈਸ਼ਨ ਵਿਚ ਮਰਾਠਾ ਰਾਖਵਾਂਕਰਨ 'ਤੇ ਚਰਚਾ ਹੋਵੇਗੀ। ਜਾਰੰਗੇ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਨੇ ਮਰਾਠਾ ਭਾਈਚਾਰੇ ਨੂੰ ਸਥਾਈ ਰਾਖਵਾਂਕਰਨ ਦੇਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਨੇ ਇਸ ਲਈ ਕੁਝ ਸਮਾਂ ਮੰਗਿਆ ਹੈ। ਸਾਰਿਆਂ ਦੀ ਦੀਵਾਲੀ ਮਿੱਠੀ ਬਣਾਉਣ ਲਈ ਸਰਕਾਰ ਨੂੰ ਸਮਾਂ ਦੇਵਾਂਗੇ। ਜੇਕਰ ਸਰਕਾਰ ਨੇ ਨਿਰਧਾਰਤ ਸਮੇਂ ਵਿਚ ਰਾਖਵਾਂਕਰਨ ਨਾ ਦਿੱਤਾ ਤਾਂ ਅਸੀਂ ਮੁੰਬਈ ਵਿਚ ਪ੍ਰਦਰਸ਼ਨ ਕਰਾਂਗੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਮਰਾਠਾ ਰਾਖਵਾਂਕਰਨ ਨਹੀਂ ਦਿੱਤਾ ਜਾਂਦਾ ਉਹ ਆਪਣੇ ਘਰ ਨਹੀਂ ਵੜਨਗੇ।

### ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਅੰਤਰਰਾਸ਼ਟਰੀ ਕਾਨਫਰੰਸ "ਲੋਕਾਵੋਰ ਕ੍ਰਾਂਤੀ" ਦਾ ਆਯੋਜਨ

# ਚੰਗੀ ਸਿਹਤ ਲਈ ਕਣਕ ਚੌਲ ਤੋਂ ਇਲਾਵਾ ਹੋਰ ਮੋਟੇ ਅਨਾਜਾਂ ਨੂੰ ਭੋਜਨ ਵਿਚ ਸ਼ਾਮਿਲ ਕਰਨਾ ਜ਼ਰੂਰੀ : ਭੋਜਨ ਮਾਹਿਰ




ਅੰਮ੍ਰਿਤਸਰ, 2 ਨਵੰਬਰ, 2023 (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਟਲ ਮੈਨੇਜਮੈਂਟ ਅਤੇ ਸੈਰ ਸਪਾਟਾ ਵਿਭਾਗ ਵੱਲੋਂ ਭੋਜਨ ਦੀਆਂ ਚੰਗੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਵਿੱਚ ਮੋਟੇ ਅਨਾਜ ਦੀ ਮਹੱਤਤਾ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਅੰਤਰਰਾਸ਼ਟਰੀ ਕਾਨਫਰੰਸ "ਲੋਕਾਵੋਰ ਕ੍ਰਾਂਤੀ" ਚੈਟ 2023 ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਰਜਿਸਟਰਾਰ ਪ੍ਰੋ. ਕੇ.ਐਸ. ਕਾਹਲੋਂ ਨੇ ਆਪਣੇ ਉਦਘਾਟਨੀ ਭਾਸ਼ਣ ਦੌਰਾਨ ਲੋਕਾਂ ਨੂੰ ਬਦਲਵੇਂ ਅਨਾਜ, ਵੱਖ ਵੱਖ ਅਨਾਜਾਂ ਬਾਰੇ ਜਾਗਰੂਕ ਕਰਨ ਲਈ ਵਿਭਾਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਟਲ ਮੈਨੇਜਮੈਂਟ ਅਤੇ ਟੂਰਿਜ਼ਮ ਵਿਭਾਗ ਯੂਨੀਵਰਸਿਟੀ ਦੇ ਸਭ ਤੋਂ ਨਵੇਂ ਵਿਭਾਗਾਂ ਵਿੱਚੋਂ ਇੱਕ ਹੈ ਅਤੇ ਉਸਾਰੂ ਕਾਰਜ ਕਰ ਰਿਹਾ ਹੈ ਅਤੇ ਸਿਰਫ਼ ਪੰਜ ਸਾਲਾਂ ਦੇ ਆਪਣੇ ਸਫ਼ਰ ਵਿੱਚ ਬਹੁਤ ਕੁਝ ਹਾਸਲ ਕੀਤਾ ਹੈ।ਇਸ ਮੌਕੇ ਵਿਦਿਆਰਥੀਆਂ ਅਧਿਆਪਕਾਂ ਤੋਂ ਇਲਾਵਾ ਸ਼ੈੱਫ, ਅਕਾਦਮਿਕ ਵਿਦਵਾਨ, ਕਿਸਾਨ, ਵਾਤਾਵਰਣ ਵਿਗਿਆਨੀ, ਪੋਸ਼ਣ ਵਿਗਿਆਨੀ ਅਤੇ ਖੇਤਵਿਰਾਸਤ ਦੇ ਅਧਿਕਾਰੀ ਸ਼ਾਮਲ ਸਨ।

ਮੁੱਖ ਬੁਲਾਰੇ ਪ੍ਰੋ. ਪ੍ਰਸ਼ਾਂਤ ਕੇ. ਗੌਤਮ ਨੇ ਸਥਾਨਕ ਭੋਜਨ ਰੂਪਾਂ ਦੀ ਮਹੱਤਤਾ 'ਤੇ ਬਲ ਦਿੰਦਿਆਂ ਦੱਸਿਆ ਕਿ ਕਣਕ ਅਤੇ ਚੌਲਾਂ ਦਾ ਜੀਆਈ ਸੂਚਕਾਂਕ ਚੀਨੀ ਨਾਲੋਂ ਵੱਧ ਹੈ ਜੋ ਕਿ ਸ਼ੂਗਰ ਦਾ ਇੱਕ ਕਾਰਨ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਮੋਟੇ ਅਨਾਜ ਦੀ ਖਰੀਦ ਅਤੇ ਵਰਤੋਂ ਵਿੱਚ ਦਰਪੇਸ਼ ਚੁਣੌਤੀਆਂ ਬਾਰੇ ਗੱਲ ਕੀਤੀ। ਸ਼ੈੱਫ ਵਿਕਾਸ ਚਾਵਲਾ ਨੇ ਕਿਹਾ ਕਿ ਹੌਲੀ-ਹੌਲੀ ਸਾਰਿਆਂ ਨੂੰ ਸਮਾਜ ਵਿਚ ਪ੍ਰਚਲਤ ਅਨਾਜ ਦੇ ਨਾਲ ਨਾਲ ਵੱਖ ਵੱਖ ਹੋਰ ਅਨਾਜਾਂ ਵੱਲ ਰੁਚਿਤ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਕਣਕ 60 ਸਾਲ ਪਹਿਲਾਂ ਵਰਗੀ ਨਹੀਂ ਰਹੀ।

ਸ਼ੈੱਫ ਟੀ.ਕੇ. ਰਾਜ਼ਦਾਨ, ਪ੍ਰਿੰਸੀਪਲ, ਆਈ.ਸੀ.ਆਈ., ਨੋਇਡਾ ਨੇ ਭੋਜਨ ਤਿਆਰ ਕਰਨ ਦੀਆਂ ਚੰਗੀਆਂ ਆਦਤਾਂ, ਭਾਵਨਾਤਮਕ ਲਗਾਵ ਅਤੇ ਭੋਜਨ ਤਿਆਰ ਕਰਨ ਮੌਕੇ ਵੱਖ ਵੱਖ ਪ੍ਰਭਾਵਾਂ ਦੇ ਸਬੰਧ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰੋ. ਮਨਦੀਪ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ, ਵਿਭਾਗ ਵੱਖ ਵੱਖ ਅਨਾਜਾਂ ਅਧਾਰਤ ਪਕਵਾਨਾਂ ਦੇ ਲਾਈਵ ਪ੍ਰਦਰਸ਼ਨ ਲਈ ਵਰਕਸ਼ਾਪਾਂ ਦਾ ਆਯੋਜਨ ਕਰੇਗਾ। ਦੂਜੇ ਸੈਸ਼ਨ ਦੌਰਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖੋਜਕਰਤਾਵਾਂ ਵੱਲੋਂ ਖੋਜ ਭਰਪੂਰ ਪੱਤਰ ਪੇਸ਼ ਕੀਤੇ ਗਏ।

# ਪੰਜਾਬੀ ਤ੍ਰੈ-ਮਾਸਿਕ ਪੱਤ੍ਰਿਕਾ ਪਰਵਾਸ ਦਾ 35ਵਾਂ ਅੰਕ ਲੋਕ ਅਰਪਣ



ਲੁਧਿਆਣਾ, 2 ਨਵੰਬਰ (ਗਿਆਨ ਸਿੰਘ): ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਪੰਜਾਬੀ ਤ੍ਰੈ-ਮਾਸਿਕ ਪੱਤ੍ਰਿਕਾ ਪਰਵਾਸ ਦਾ 35ਵਾਂ ਅੰਕ ਲੋਕ ਅਰਪਣ ਕੀਤਾ ਗਿਆ। ਇਸ ਲੋਕ ਅਰਪਣ ਪ੍ਰੋਗਰਾਮ ਦੀ ਪ੍ਰਧਾਨਗੀ ਸ. ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨ ਕੌਂਸਲ ਲੁਧਿਆਣਾ ਨੇ ਕੀਤੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ, ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ. ਐਮ.ਟੀ. ਅਤੇ ਪੋਸਟ- ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਇਸ ਮੌਕੇ ਪਰਵਾਸੀ ਪੰਜਾਬੀ ਸਾਹਿਤ, ਵਿਸ਼ਵ ਵਿਆਪੀ ; ਤੇ ਵਿਚਾਰ ਚਰਚਾ ਕੀਤੀ। ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਕਿਹਾ ਕਿ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸੁਯੋਗ ਅਗਵਾਈ ਵਿੱਚ ਹੁਣ ਤੱਕ ਦੇ ਸਾਰੇ ਅੰਕ ਤਿਆਰ ਕੀਤੇ ਗਏ ਹਨ। ਬੇਸ਼ੱਕ ਹੁਣ ਉਹ ਕੈਨੇਡਾ ਹਨ ਪਰ ਫਿਰ ਵੀ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਉਨਾਂ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀਆਂ ਗਤੀਵਿਧੀਆਂ ਨੂੰ ਵੀ ਕੈਨੇਡਾ ਬੈਠਿਆਂ ਵੀ ਨਿਰੰਤਰਤਾ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਪ੍ਰੋ. ਛਾਬੜਾ ਨੇ ਇਸ ਅੰਕ ਵਿੱਚ ਪ੍ਰਕਾਸ਼ਿਤ ਸਮੱਗਰੀ ਸਬੰਧੀ ਆਲੋਚਨਾਤਮਕ ਪੱਖੋਂ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਪੰਜਾਬੀ ਵਿਭਾਗ ਤੋਂ ਡਾ. ਹਰਪ੍ਰੀਤ ਸਿੰਘ ਦੂਆ, ਡਾ.ਗੁਰਪ੍ਰੀਤ ਸਿੰਘ ਅਤੇ ਪਰਵਾਸ ਮੈਗਜ਼ੀਨ ਦੇ ਤਕਨੀਕੀ ਸਹਿ ਸੰਪਾਦਕ ਰਾਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ। ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਸਾਰਿਆਂ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ।


ਸਿੱਖ ਸਪਿਰਚੂਅਲ ਸੈਂਟਰ ਟੋਰਾਂਟੋ ਵੱਲੋਂ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਪ੍ਰਭਾਤ ਫੇਰੀ



28 ਅਕਤੂਬਰ ਤੋਂ 26 ਨਵੰਬਰ ਤੱਕ
ਹਰ ਸ਼ਨੀਵਾਰ ਅਤੇ ਐਤਵਾਰ
ਸਵੇਰ 5:00 ਤੋਂ 6:30 ਵਜੇ
ਗੁਰਦੁਆਰਾ ਸਿੱਖ ਸਪਿਰਚੂਅਲ ਸੈਂਟਰ ਤੋਂ ਰਵਾਨਾ ਹੋ ਕੇ ਸਮਾਪਤੀ ਗੁਰਦੁਆਰਾ ਸਾਹਿਬ ਹੀ ਹੋਵੇਗੀ।
SIKH SPIRITUAL CENTRE TORONTO
9 Carrier Dr, Etobicoke, ON M9V 4B2 | 416-746-6666



URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE (2021, 2018, 2015, 2014, 2013, 2012, 2011, 2010) (2020-2018) (2018-2009) (REMAX International) (2014) Hall of Fame (2010)
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED/SOLD IN YOUR NEIGHBOURHOOD

**SHELBURNE** (Simon St /Hwy 89)
ਬਿਲਕੁਲ ਸ਼ਾਨਦਾਰ ਤੇ ਸਾਫ ਸੁਥਰਾ ਸੈਮੀ ਡਿਟੈਚ ਬੰਗਲੋਂ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੋਟ ਲਾਇਟਸ ਆਦਿ।

**CAMBRIDGE** (Speedsville/Equestrian Way)
ਐਂਡ ਯੂਨਿਟ ਕਾਨ੍ਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖ਼ੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ- ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।

**BRAMPTON** (Mclaughlin / Steeles / Mavis)
ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।

**BRAMPTON** (Wanless/Mclaughlin)
ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।

FREE
- Full MLS services
- Staging consultation
- Professional pictures & virtual tour
- Consistent marketing until your property is sold
- Billboard, flyer
- Social media & radio advertisement
- Online Promotion
- Open house till sold
- Competitive rates, exceptional service & award winning results

RE/MAX REALTY SPECIALISTS INC. REALTOR MLS MULTIPLE LISTING SERVICE
Ph:905-456-3232 **Based on units sold & commissions **Some conditions apply
*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.
Call: JAG AUJLA Dir: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



REXDALE BODY SHOP
USED CAR SALE



CHEEMA
LOWEST PRICE IN TOWN
Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


ASIAN FOOD CENTRE
Diwali SALE
WE HAVE LARGE QUANTITY OF DIYA
www.AsianFoodCentre.com
27TH OCT TO 13TH NOV 2023
Fresh Fruits, Vegetables, Indian & Canadian Grocery
$11.99 EA REG.$14.99 MEERA WHOLE WHEAT ATTA
$13.99 10LB REG.$14.99 SHER MULTIGRAIN ATTA
$12.99 9.07KG REG.$14.99 QUALITY WHOLE WHEAT ATTA
$11.99 8.8LB REG.$13.99 817 BASMATI RICE
$5.99 4LB REG.$6.99 SHER BESAN
$12.99 10LB REG.$14.99 MEERA BESAN
$2.49 1GM SAFFRON
$1.99 +TAX REG.$2.79 SURATI SNACKS
$6.99 750ML REG.$8.99 GURU JI BADAM & KESHARIA THANDAI SYRUP
$4.29 300G REG.$5.29 KHALSA PANEER
$4.99 946ML REG.$6.99 TEZ MUSTARD OIL
$24.99 3.5LB REG.$29.99 NANAK DESI GHEE
$24.99 3.5LB REG.$29.99 VERKA DESI GHEE
$1.49 +TAX REG.$2.29 HALDIRAM ALOO BHUJIA, KHATTA MEETHA, TASTY NUTS, MOONG DAL
$4.99 1LB REG.$6.99 ALMONDS
$2.99 800GM REG.$3.99 BAMBINO VERMICELLI
$1.49 150GM REG.$2.79 HALDIRAM BHELPURI
$3.29 250ML REG.$5.29 DABUR MUSTARD OIL
$3.99 550G REG.$4.99 BRITANNIA CAKE RUSK
$3.99 372G REG.$5.99 BRITANNIA MASKA CHASKA
2 FOR $1 80GM REG.$0.99 BRITANNIA NICE TIME
$4.29 EA REG.$4.99 HALDIRAM PANI PURI
$4.49 240GM REG.$5.29 VIDYA PANI PURI
$2.49 250G REG.$3.49 HALDIRAM SOAN PAPDI
$10.99 10LB REG.$12.99 VERKA BROWN SUGAR
$8.99 900GM REG.$12.99 RED LABEL INDIA
$8.99 216 BAGS REG.$10.99 TEA INDIA
$9.99 2LB REG.$12.99 WAGHBAKRI TEA
$8.99 220G REG.$11.99 TAPAL DANEDAR TEA
$2.49 400GM REG.$3.99 POPULAR SAMOSA/SPRING ROLLS
$3.29 (960 GM)EA REG.$5.99 POPULAR PARATHA
$3.49 350G REG.$4.99 THAKAR MATAR KULCHA
$5.49 1.2KG REG.$9.99 HALDIRAM FAMILY PACK NAAN
$1.49 EA REG.$1.99 SANTOSH NAAN
$6.99 1.7 KG REG.$8.99 TASTY FROZEN PEAS
$1.49 EXCEPT PANEER AASHIRVAAD PARATHA
$0.69 75GM REG.$1.29 BRITANNIA GOOD DAY COOKIES
$2.79 EA REG.$3.99 RUBICON ASST. JUICE
$1.79 1L REG.$2.99 FROOTI
$7.99 EA REG.$8.99 SAVERA RASMALAI
$5.99 EA REG.$6.99 NANAK GULAB JAMUN
$7.99 EA REG.$8.99 APNA TASTE RASMALAI
$5.99 EA REG.$6.99 APNA TASTE GULAB JAMUN
$7.99 25PCS REG.$9.99 POPULAR PARATHA
$3.99 EA REG.$4.99 AAP KI PASANAD SOYA TIKKA CHAAP
$3.99 EA REG.$4.99 AAP KI PASANAD SOYA CHAAP
$5.99 341GM REG.$6.99 SAVERA KHOA
$3.29 +TAX REG.$3.99 HALDIRAM KHARI BOONDI
WE HAVE LARGE QUANTITY OF DIYA & DIWALI ITEMS
Variety of Indian Sweets Available
ETOBICOKE 10 Westmore Dr. 416-740-3262
MISSISSAUGA 1075 Ceremonial Dr 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media


H.K. MOVERS
LOCAL & LONG DISTANCE MOVING
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY
H.K. MOVERS LOCAL & LONG DISTANCE 416-524-6704
WELCOME TO ALBERTA
WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS
Best Business of 2023 ThreeBest Rated Excellence
Call: 416.524.6704
www.hkmovers.ca
2023 ThreeBest Rated Certificate OF EXCELLENCE THREE BEST RATED
SAFE, RELIABLE AND EFFICIENT SERVICE AT THE BEST RATES